ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ

## ਪੰਜਾਬ ਦਾ ਭੌਂ ਰਿਕਾਰਡ ਹੁਣ ਇੰਟਰਨੈਟ ਤੇ ਵੇਖਿਆ ਜਾ ਸਕੇਗਾ- ਅਨੁਰਾਗ ਵਰਮਾ ।

ਜਲੰਧਰ: 21 ਸਤੰਬਰ 2011

ਸ਼੍ਰੀ ਅਨੁਰਾਗ ਵਰਮਾ ਕਮਿਸ਼ਨਰ ਜਲੰਧਰ ਡਵੀਜ਼ਨ ਨੇ ਅੱਜ ਇੱਥੇ ਦੱਸਿਆ ਕਿ ਕਪੂਰਥਲਾ ਤੇ ਸ਼ਹੀਦ ਭਗਤ ਸਿੰਘ ਨਗਰ ਦੋਵੇਂ ਜਿਲਿਆਂ ਦਾ ਭੌਂ ਰਿਕਾਰਡ ਵੈਬ ਸਾਈਟ ਤੇ ਪਾ ਦਿੱਤਾ ਗਿਆ ਹੈ । ਇਨਾਂ ਦਾ ਭੌਂ ਰਿਕਾਰਡ ਟਰਾਇਲ ਆਧਾਰ ਤੇ ਵੈਬ ਤੇ ਪਾਇਆ ਗਿਆ ਹੈ ਇਸ ਦੇ ਨਤੀਜਿਆਂ ਨੂੰ ਵੇਖ ਕੇ ਪੂਰੇ ਪੰਜਾਬ ਰਾਜ ਦਾ ਭੌਂ ਰਿਕਾਰਡ ਵੈਬ ਤੇ ਉਪਲੱਬਧ ਕਰਵਾ ਦਿੱਤਾ ਜਾਵੇਗਾ । ਹੁਣ ਕੋਈ ਵੀ ਵਿਅਕਤੀ ਇਨਾਂ ਦੋਨਾਂ ਜ਼ਿਲਿਆਂ ਦਾ ਭੌਂ ਰਿਕਾਰਡ website: www.plrs.org.in ਤੇ ਵੇਖ ਸਕਦਾ ਹੈ ਅਤੇ ਆਪਣੇ ਲੈਂਡ ਰਿਕਾਰਡ ਦਾ ਪਤਾ ਲਗਾ ਸਕਦਾ ਹੈ । ਜ਼ਮੀਂਦਾਰ ਜੇ ਉਨਾਂ ਨੂੰ ਆਪਣੇ ਖੇਵਟ ਤੇ ਖਤੌਨੀ ਆਦਿ ਬਾਰੇ ਪਤਾ ਹੋਵੇ ਤਾਂ ਆਪਣੀ ਜ਼ਮੀਨ ਦਾ ਰਿਕਾਰਡ ਬੜੀ ਆਸਾਨੀ ਨਾਲ ਵੈਬ ਤੇ ਲੱਭ ਸਕਦੇ ਹਨ ਜੇ ਉਨਾਂ ਨੂੰ ਇਨਾਂ ਵੇਰਵਿਆਂ ਬਾਰੇ ਨਾ ਪਤਾ ਹੋਵੇ ਤਾਂ ਉਹ ਆਪਣਾ ਪਿੰਡ ਲਭ ਕੇ ਉਸ ਵਿਚ ਆਪਣੇ ਨਾਂ ਦਾ ਪਤਾ ਲਗਾ ਸਕਦੇ ਹਨ ।

ਸ਼੍ਰੀ ਵਰਮਾ ਨੇ ਦੱਸਿਆ ਕਿ ਇਹ ਵੈਬਸਾਈਟ ਪ੍ਰਵਾਸੀ ਭਾਰਤੀਆਂ ਲਈ ਬਹੁਤ ਲਾਹੇਵੰਦ ਸਿੱਧ ਹੋਵੇਗੀ ਕਿਉਂਕਿ ਉਹ ਵਿਦੇਸ਼ਾਂ ਵਿਚ ਬੈਠੇ ਹੀ ਆਪਣੇ ਭੌਂ ਰਿਕਾਰਡ ਦੀ ਕਰਾਸ ਚੈਕਿੰਗ ਕਰ ਸਕਨਗੇ । ਹੁਣ ਉਨਾਂ ਦੇ ਰਿਕਾਰਡ ਨਾਲ ਛੇੜ ਛਾੜ ਕਰਨਾ ਬਹੁਤ ਮੁਸ਼ਕਿਲ ਹੋ ਜਾਵੇਗਾ । ਸ਼੍ਰੀ ਵਰਮਾ ਨੇ ਦੱਸਿਆ ਕਿ ਇਹ ਸਾਈਟ ਪਹਿਲਾਂ ਹੀ ਲੋਕਾਂ ਵਿਚ ਬਹੁਤ ਲੋਕਪ੍ਰਿਆ ਹੋ ਚੁਕੀ ਹੈ ਅਤੇ 17500 ਲੋਕ ਪਹਿਲਾਂ ਹੀ ਇਸ ਸਾਈਟ ਤੋਂ ਲਾਭ ਉਠਾ ਚੁੱਕੇ ਹਨ । ਸ਼੍ਰੀ ਵਰਮਾ ਨੇ ਦੱਸਿਆ ਕਿ ਇਸ ਸਾਈਟ ਉਪਰ ਫੀਡ ਬੈਕ ਤੰਤਰ ਵੀ ਉਪਲੱਬਧ ਕਰਵਾਇਆ ਗਿਆ ਹੈ । ਜੇ ਕਿਸੇ ਨੂੰ ਆਪਣੇ ਭੌਂ ਰਿਕਾਰਡ ਵਿਚ ਕੋਈ ਗਲਤੀ ਮਿਲੇ ਤਾਂ ਉਹ ਇਸ ਬਾਰੇ ਫੀਡ ਬੈਕ ਦੇ ਸਕਦਾ ਹੈ ਵੈਬ ਸਾਈਟ ਵਿਚ ਇਕ ਅਜਿਹਾ ਯੰਤਰ ਲਗਾਇਆ ਗਿਆ ਹੈ ਜੋ ਇਸ ਫੀਡ ਬੈਕ ਬਾਰੇ ਸਮਾਂ ਬੱਧ ਪ੍ਰਣਾਲੀ ਰਾਹੀ ਜਵਾਬ ਦੇਵੇਗਾ ।

ਸ਼੍ਰੀ ਵਰਮਾ ਨੇ ਦੱਸਿਆ ਕਿ ਵੈਬ ਸਾਈਟ ਉਤੇ ਆਪਣੇ ਰਿਕਾਰਡ ਚੈਕ ਕਰਨ ਉਪਰੰਤ ਪਿੰਡ ਬਲਾਚੌਰ ਦੇ ਤਰਲੋਚਨ ਸਿੰਘ ਨੇ ਫੀਡ ਬੈਕ ਦਿੱਤੀ ਕਿ ਵੈਬ ਸਾਈਟ ਵਿਚ ਉਪਲਬਧ ਭੌਂ ਰਿਕਾਰਡ ਵਿਚ ਉਸ ਦੇ ਦਾਦੇ ਦਾ ਨਾਂ ਦੀਵਾਨ ਸਿੰਘ ਦੀ ਬਜਾਏ ਦੀਵਾਨ ਚੰਦ ਦਰਸਾਇਆ ਗਿਆ ਹੈ । ਇਸ ਲਈ ਤਹਿਸੀਲਦਾਰ ਬਲਾਚੌਰ ਨੂੰ ਰਿਕਾਰਡ ਦੀ ਛਾਨਬੀਣ ਕਰਨ ਦੇ ਆਦੇਸ਼ ਦਿੱਤੇ ਗਏ ਅਤੇ ਇਹ ਪਤਾ ਲੱਗਾ ਕਿ 1985 ਵਿਚ ਮੈਨਿਉਲ ਜਮਾਂਬੰਦੀ ਤਿਆਰ ਕਰਦਿਆਂ ਪਟਵਾਰੀ ਨੇ ਦੀਵਾਨ ਸਿੰਘ ਦੀ ਬਜਾਏ ਦੀਵਾਨ ਚੰਦ ਦਰਜ ਕਰ ਦਿੱਤਾ । ਇਸ ਲਈ ਫਰਦ ਬਦਰ ਦਾ ਪਤਾ ਲੱਗਣ ਤੇ ਰਿਕਾਰਡ ਵਿਚ ਦਰੁਸਤੀ ਕੀਤੀ ਗਈ ।

ਸ਼੍ਰੀ ਵਰਮਾ ਨੇ ਕਿਹਾ ਕਿ ਲੋਕਾਂ ਕੋਲ ਹੁਣ ਆਪਣੇ ਭੌਂ ਰਿਕਾਰਡ ਦਰੁਸਤ ਕਰਵਾਉਣ ਦਾ ਵਧੀਆ ਮੌਕਾ ਹੈ । ਜੇ ਬੀਤੇ ਸਮੇਂ ਵਿਚ ਕੋਈ ਅਜਿਹੀ ਕਲੈਰੀਕਲ ਤਰੁਟੀ ਰਹਿ ਗਈ ਹੋਵੇ ਤਾਂ ਉਸ ਨੂੰ ਹੁਣ ਦਰੁਸਤ ਕਰਵਾਇਆ ਜਾ ਸਕਦਾ ਹੈ । ਇਸ ਤੋ ਇਲਾਵਾ ਭੌਂ ਰਿਕਾਰਡ ਦਾ ਕੰਪਿਉਟਰੀਕਰਨ ਹੋ ਜਾਣ ਨਾਲ ਅਜਿਹੀਆਂ ਗਲਤੀਆਂ ਦੀ ਸੰਭਾਵਨਾ ਬਿਲਕੁਲ ਹੀ ਖਤਮ ਹੋ ਗਈ ਹੈ । ਸ਼੍ਰੀ ਵਰਮਾ ਨੇ ਇਸ ਵੈਬ ਸਾਈਟ ਦੀ ਕਾਰਜ ਪ੍ਰਣਾਲੀ ਵਿਚ ਹੋਰ ਸੁਧਾਰ ਲਿਆਉਣ ਲਈ ਲੋਕਾਂ ਕੋਲੋਂ ਸੁਝਾਅ ਮੰਗੇ ਹਨ ।

********